Royal Papworth Hospital
NHS Foundation Trust

## ReSPECT ਕੀ ਹੈ ?

ReSPECT ਦਾ ਅਰਥ ਹੈ "ਐਮਰਜੈਂਸੀ ਦੇਖਭਾਲ ਅਤੇ ਇਲਾਜ ਲਈ ਸੁਝਾਅ ਵਾਲੀ ਸੰਖੇਪ ਯੋਜਨਾ"। ਇਹ ਇੱਕ ਪ੍ਰਕਿਰਿਆ ਹੈ ਜੋ ਲੋਕਾਂ ਨੂੰ ਇਹ ਸੋਚਣ ਵਿੱਚ ਮਦਦ ਕਰਦੀ ਹੈ ਕਿ ਐਮਰਜੈਂਸੀ ਵਿੱਚ ਕਿਹੜਾ ਇਲਾਜ ਢੁਕਵਾਂ ਹੈ, ਕੀ ਜੇ ਉਹ ਉਸ ਸਮੇਂ 'ਤੇ ਫੈਸਲੇ ਲੈਣ ਵਿੱਚ ਅਸਮਰੱਥ ਹੋਣ।

## ਇਹ ਮਹੱਤਵਪੂਰਨ ਕਿਉਂ ਹੈ?

ਅਸੀਂ ਜਾਣਦੇ ਹਾਂ ਕਿ, ਜਦੋਂ ਲੋਕ ਬਹੁਤ ਬਿਮਾਰ ਹੁੰਦੇ ਹਨ, ਤਾਂ ਉਹ ਅਕਸਰ ਇਸ ਬਾਰੇ ਸਪੱਸ਼ਟ ਤੌਰ 'ਤੇ ਸੋਚਣ ਵਿੱਚ ਅਸਮਰੱਥ ਹੁੰਦੇ ਹਨ ਕਿ ਉਹ ਕੀ ਇਲਾਜ ਚਾਹੁੰਦੇ ਹਨ ਜਾਂ ਨਹੀਂ ਚਾਹੁੰਦੇ ਕਿਉਂਕਿ ਉਨ੍ਹਾਂ ਦਾ ਦਿਮਾਗ ਅਤੇ ਸਰੀਰ ਬਿਮਾਰੀ ਨਾਲ ਦੱਬੇ ਹੋਏ ਹੁੰਦੇ ਹਨ। ਜਦੋਂ ਉਹ ਬੀਮਾਰ ਹੁੰਦੇ ਹਨ ਅਤੇ ਹਸਪਤਾਲ ਵਿੱਚ ਹੁੰਦੇ ਹਨ, ਤਾਂ ਲੋਕਾਂ ਲਈ ਚਿੰਤਾ ਮਹਿਸੂਸ ਕਰਨਾ ਵੀ ਆਮ ਗੱਲ ਹੈ, ਅਤੇ ਇਹ ਸਪੱਸ਼ਟ ਤੌਰ 'ਤੇ ਸੋਚਣਾ ਵੀ ਮੁਸ਼ਕਲ ਬਣਾ ਸਕਦਾ ਹੈ। ਇਸ ਲਈ ਅਸੀਂ ਸੋਚਦੇ ਹਾਂ ਕਿ ਇਹ ਇੱਕ ਚੰਗਾ ਵਿਚਾਰ ਹੈ, ਜਿੱਥੇ ਸੰਭਵ ਹੋਵੇ, ਡਾਕਟਰੀ ਇਲਾਜ ਬਾਰੇ ਫੈਸਲੇ ਪਹਿਲਾਂ ਹੀ ਲਏ ਜਾਣ - ਇਸ ਤੋਂ ਪਹਿਲਾਂ ਕਿ ਕੋਈ ਐਮਰਜੈਂਸੀ ਸਥਿਤੀ ਜਾਂ ਸੰਕਟ ਹੋਵੇ।

## ਇਹ ਕਿਵੇਂ ਕੰਮ ਕਰਦਾ ਹੈ?

ReSPECT ਪ੍ਰਕਿਰਿਆ ਤੁਹਾਡੇ ਅਤੇ ਤੁਹਾਡੇ ਸਿਹਤ ਸੰਭਾਲ ਕਰਨ ਵਾਲੇ ਪੇਸ਼ੇਵਰਾਂ ਵਿਚਕਾਰ ਗੱਲਬਾਤ ਵਿੱਚ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ: ਉਹਨਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਤੁਸੀਂ ਆਪਣੀਆਂ ਸਿਹਤ ਸਮੱਸਿਆਵਾਂ ਨੂੰ ਸਮਝਦੇ ਹੋ ਅਤੇ ਕਿਹੜੇ ਇਲਾਜਾਂ ਨਾਲ ਤੁਹਾਨੂੰ ਲਾਭ ਹੋ ਸਕਦਾ ਹੈ ਜਾਂ ਨਹੀਂ। ਤੁਹਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਹੈਲਥਕੇਅਰ ਪੇਸ਼ਾਵਰ ਇਹ ਸਮਝਦੇ ਹਨ ਕਿ ਤੁਹਾਡੇ ਲਈ ਸਭ ਤੋਂ ਮਹੱਤਵਪੂਰਨ ਕੀ ਹੈ ਅਤੇ ਕੀ ਕੋਈ ਅਜਿਹੀ ਚੀਜ਼ ਹੈ ਜਿਸ ਬਾਰੇ ਤੁਸੀਂ ਖਾਸ ਤੌਰ 'ਤੇ ਚਿੰਤਤ ਹੋ ਜਾਂ ਛੱਡਣਾ ਚਾਹੁੰਦੇ ਹੋ।

ਇਸ ਗੱਲਬਾਤ ਦੀ ਵਰਤੋਂ ਇੱਕ ReSPECT ਫਾਰਮ ਨੂੰ ਭਰਨ ਲਈ ਕੀਤੀ ਜਾਂਦੀ ਹੈ ਜੋ ਕਿਸੇ ਵਿਅਕਤੀ ਦੀਆਂ ਸਿਹਤ ਸਮੱਸਿਆਵਾਂ, ਉਹਨਾਂ ਦੀਆਂ ਤਰਜੀਹਾਂ ਅਤੇ ਕਿਹੜੇ ਡਾਕਟਰੀ ਇਲਾਜਾਂ ਦਾ ਸੁਝਾਅ ਦਿੱਤਾ ਜਾ ਸਕਦਾ ਹੈ ਜਾਂ ਨਹੀਂ ਵੀ, ਰਿਕਾਰਡ ਕਰਦਾ ਹੈ। ਅਸਲੀ ਫਾਰਮ ਮਰੀਜ਼ ਦੇ ਕੋਲ ਰਹਿਣਾ ਚਾਹੀਦਾ ਹੈ, ਹਾਲਾਂਕਿ ਇਹ ਉਹਨਾਂ ਦੇ ਇਲੈਕਟ੍ਰਾਨਿਕ ਮਰੀਜ਼ ਦੇ ਰਿਕਾਰਡ 'ਤੇ ਫਾਰਮ ਵਿਚ ਕੀ ਲਿਖਿਆ ਹੈ, ਦਾ ਰਿਕਾਰਡ ਰੱਖਣਾ ਬਹੁਤ ਮਦਦਗਾਰ ਹੁੰਦਾ ਹੈ। ਇੱਕ ReSPECT ਫਾਰਮ ਇੱਕ ਕਾਨੂੰਨੀ ਤੌਰ 'ਤੇ ਬੰਨਣ ਵਾਲਾ ਦਸਤਾਵੇਜ਼ ਨਹੀਂ ਹੈ ਅਤੇ ਇਸਨੂੰ ਕਿਸੇ ਵੀ ਸਮੇਂ ਬਦਲਿਆ ਜਾਂ ਵਾਪਸ ਲਿਆ ਜਾ ਸਕਦਾ ਹੈ

Author ID: Consultant respiratory physician
Department: CCLI
Printed: September 2023
Review date: September 2025
Version: 01
Leaflet number: PI 234 (Punjabi India – translated by Cintra)

Compassion Excellence Collaboration

Large print copies and alternative language versions of this leaflet can be made available on request.

**Royal Papworth Hospital NHS Foundation Trust**
Papworth Road, Cambridge Biomedical Campus,
Cambridge CB2 0AY
Tel: 01223 638000
**www.royalpapworth.nhs.uk**

© 2023 Royal Papworth Hospital NHS Foundation Trust

A member of Cambridge University Health Partners

View a digital version of this leaflet by scanning the QR code

ReSPECT ਫਾਰਮ ਦੀ ਵਰਤੋਂ ਅਕਸਰ ਉਹਨਾਂ ਇਲਾਜਾਂ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ ਜੋ ਸ਼ਾਇਦ ਕੋਈ ਨਹੀਂ ਕਰਾਉਣਾ ਚਾਹੁੰਦਾ ਅਤੇ/ਜਾਂ ਉਹ ਇਲਾਜ ਜੋ ਉਹਨਾਂ ਦੇ ਹੈਲਥਕੇਅਰ ਪੇਸ਼ਾਵਰ ਮੰਨਦੇ ਹਨ ਉਹਨਾਂ ਲਈ ਹੁਣ ਉਹ ਲਾਭਦਾਇਕ ਨਹੀਂ ਹੋਵੇਗਾ। ਜੇ ਲੋਕਾਂ ਦੀ ਪ੍ਰਗਤੀਸ਼ੀਲ ਸਥਿਤੀਆਂ ਨਾਲ ਸਿਹਤ ਹੋਰ ਵਿਗੜ ਰਹੀ ਹੈ, ਤਾਂ ਉਹਨਾਂ ਚੀਜ਼ਾਂ ਬਾਰੇ ਪਹਿਲਾਂ ਤੋਂ ਵਿਚਾਰ ਕਰਨਾ ਮਦਦਗਾਰ ਹੋ ਸਕਦਾ ਹੈ ਜਿਵੇਂ ਕਿ ਕੀ ਉਹ ਹਸਪਤਾਲ ਵਿੱਚ ਵਾਪਸ ਜਾਣਾ ਚਾਹੁਣਗੇ ਅਤੇ, ਜੇ ਹਸਪਤਾਲ ਵਿੱਚ ਹਨ, ਤਾਂ ਉਹਨਾਂ ਲਈ ਕਿਸ ਕਿਸਮ ਦਾ ਇਲਾਜ ਮਦਦਗਾਰ ਹੋ ਸਕਦਾ ਹੈ ਜਾਂ ਨਹੀਂ। ਇਸ ਵਿੱਚ ਅਕਸਰ ਇਹ ਫੈਸਲਾ ਲਿਆ ਜਾਂਦਾ ਹੈ ਕਿ ਜੇਕਰ ਉਹਨਾਂ ਦਾ ਦਿਲ ਬੰਦ ਹੋ ਜਾਂਦਾ ਹੈ ਤਾਂ ਉਹਨਾਂ ਨੂੰ ਕਾਰਡੀਓਪਲਮੋਨਰੀ ਰੀਸਸੀਟੇਸ਼ਨ (CPR) ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਾਂ ਨਹੀਂ।

## ਇਹ ਕਿਸ ਲਈ ਹੈ/ਕੀ ਇਹ ਮੇਰੇ ਲਈ ਢੁਕਵਾਂ ਹੈ?

ਇਹ ਪ੍ਰਕਿਰਿਆ ਉਹਨਾਂ ਲੋਕਾਂ ਲਈ ਜ਼ਿਆਦਾ ਢੁੱਕਵੀਂ ਹੈ ਜਿਨ੍ਹਾਂ ਦੀ ਸਿਹਤ ਦੀਆਂ ਗੁੰਝਲਦਾਰ ਜ਼ਰੂਰਤਾਂ ਹਨ, ਉਹ ਲੋਕ ਜੋ ਆਪਣੇ ਜੀਵਨ ਦੇ ਅੰਤ ਦੇ ਨੇੜੇ ਹੋ ਸਕਦੇ ਹਨ ਅਤੇ ਜਿਨ੍ਹਾਂ ਨੂੰ ਅਚਾਨਕ ਵਿਗੜਨ ਜਾਂ ਦਿਲ ਦਾ ਦੌਰਾ ਪੈਣ ਦਾ ਖਤਰਾ ਹੈ।

ਹਾਲਾਂਕਿ, ਬਹੁਤ ਸਾਰੇ ਲੋਕ ਇੱਕ ਪ੍ਰਗਤੀਸ਼ੀਲ ਬਿਮਾਰੀ ਨੂੰ ਠੀਕ ਕਰਨ ਦੇ ਇਰਾਦੇ ਨਾਲ ਜਾਂ ਆਪਣੀ ਉਮਰ ਨੂੰ ਕਾਫ਼ੀ ਹੱਦ ਤੱਕ ਲੰਬਾ ਕਰਨ ਦੇ ਇਰਾਦੇ ਨਾਲ ਵੱਡੇ ਪ੍ਰੋਸੀਜ਼ਰ ਵਾਸਤੇ ਜਾਂ ਸਰਜਰੀ ਕਰਵਾਉਣ ਲਈ ਪੈਪਵਰਥ ਵਿੱਚ ਆਉਂਦੇ ਹਨ ਅਤੇ, ਜੇਕਰ ਇਹ ਤੁਸੀਂ ਹੋ, ਤਾਂ ਤੁਸੀਂ ਸੋਚ ਸਕਦੇ ਹੋ ਕਿ ਇੱਕ ReSPECT ਚਰਚਾ ਤੁਹਾਡੇ ਅਤੇ ਤੁਹਾਡੇ ਵਰਗੇ ਹੋਰਾਂ 'ਤੇ ਕਿਵੇਂ ਲਾਗੂ ਹੁੰਦੀ ਹੈ।

ReSPECT ਪ੍ਰਕਿਰਿਆ ਬਾਰੇ ਸਮਝਣ ਲਈ ਮੁੱਖ ਗੱਲਾਂ ਵਿੱਚੋਂ ਇੱਕ ਗੱਲ ਇਹ ਹੈ ਕਿ ਇਸਦੀ ਵਰਤੋਂ ਕਿਸੇ ਵਿਅਕਤੀ ਦੀਆਂ ਇੱਛਾਵਾਂ ਅਤੇ ਤਰਜੀਹਾਂ ਨੂੰ ਲਿਖ ਕੇ ਰੱਖਣ ਲਈ ਲਈ ਕੀਤੀ ਜਾ ਸਕਦੀ ਹੈ, ਇਸ ਗੱਲ 'ਤੇ ਕੋਈ ਸੀਮਾਵਾਂ ਬੰਨਣ ਤੋਂ ਬਿਨਾਂ ਕਿ ਉਹਨਾਂ ਨੂੰ ਕਿਹੜਾ ਇਲਾਜ ਕਰਵਾਉਣਾ ਚਾਹੀਦਾ ਹੈ।

ਇਹ ਮਹੱਤਵਪੂਰਨ ਤਾਂ ਹੈ ਕਿਉਂਕਿ ਸਾਰੀਆਂ ਪ੍ਰਕਿਰਿਆਵਾਂ ਅਤੇ ਕਾਰਵਾਈਆਂ ਜੋ ਅਸੀਂ ਇੱਥੇ ਕਰਦੇ ਹਾਂ, ਅੜਚਣਾਂ ਦੇ ਜੋਖਮ ਨਾਲ ਆਉਂਦੀਆਂ ਹਨ।

ਅਸੰਭਵ ਘਟਨਾ ਵਿੱਚ ਕਿ ਜਦੋਂ ਚੀਜ਼ਾਂ ਯੋਜਨਾ ਅਨੁਸਾਰ ਨਹੀਂ ਹੁੰਦੀਆਂ, ਉਸ ਵੇਲੇ ਬਹੁਤ ਮਦਦਗਾਰ ਹੁੰਦਾ ਹੈ ਕਿ ਕਿਸੇ ਵਿਅਕਤੀ ਦੀਆਂ ਕੀ ਤਰਜੀਹਾਂ ਅਤੇ ਉਹਨਾਂ ਦੇ ਡਰ, ਚਿੰਤਾਵਾਂ ਅਤੇ ਉਮੀਦਾਂ ਬਾਰੇ ਕੁਝ ਅੰਦਾਜ਼ਾ ਹੋਵੇ ।

ਇੱਕ ਵਾਰ ਫਿਰ, ਦਸਤਾਵੇਜ਼ ਕਾਨੂੰਨੀ ਤੌਰ 'ਤੇ ਬੰਧਨਯੋਗ ਨਹੀਂ ਹੈ, ਪਰ ਇਹ ਤੁਹਾਡੀ ਦੇਖਭਾਲ ਕਰ ਰਹੇ ਲੋਕਾਂ ਨੂੰ ਇਹ ਜਾਣਨ ਵਿੱਚ ਮਦਦ ਕਰ ਸਕਦਾ ਹੈ ਕਿ ਤੁਸੀਂ ਕੀ ਚਾਹੁੰਦੇ ਹੋ ਜੇਕਰ ਤੁਸੀਂ ਆਪਣੇ ਲਈ ਕਹਿਣ ਦੇ ਯੋਗ ਨਹੀਂ ਹੁੰਦੇ।

Author ID: Consultant respiratory physician
Department: CCLI
Printed: September 2023
Review date: September 2025
Version: 01
Leaflet number: PI 234 (Punjabi India – translated by Cintra)

Compassion Excellence Collaboration

Large print copies and alternative language versions of this leaflet can be made available on request.

**Royal Papworth Hospital NHS Foundation Trust**
Papworth Road, Cambridge Biomedical Campus, Cambridge CB2 0AY
Tel: 01223 638000
**www.royalpapworth.nhs.uk**

© 2023 Royal Papworth Hospital NHS Foundation Trust

A member of Cambridge University Health Partners

View a digital version of this leaflet by scanning the QR code